## ICSE 2023 EXAMINATION

## SPECIMEN QUESTION PAPER

## PUNJABI

## (SECOND LANGUAGE)

***Maximum Marks: 80***

***Time allowed: Three hours***

*Answers to this Paper must be written on the paper provided separately.*

*You will not be allowed to write during the first 15 minutes.*

*This time is to be spent in reading the question paper.*

*The time given at the head of this Paper is the time allowed for writing the answers.*

---

***Section A** is compulsory – **All** questions in **Section A** must be answered.*

*Attempt **any four** questions from **Sections B,** answering at least **one** question each from the **two** books you have studied and **any two** other questions from the same books you have studied.*

*The intended marks for questions or parts of questions are given in brackets [ ].*

---

**SECTION A (40 Marks)**

*(Attempt **all** questions.)*

**Question 1**

Write a short composition in **Punjabi** of approximately **250** words on any **one** of the following topics :— **[15]**

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਘੱਟੋ-ਘੱਟ **250** ਸ਼ਬਦਾਂ ਦਾ ਲੇਖ **ਪੰਜਾਬੀ** ਵਿੱਚ ਲਿਖੋ :—

**(i)** ਸ਼ਹਿਰਾਂ ਵਿੱਚ ਵੱਧ ਰਿਹਾ ਪ੍ਰਦੂਸ਼ਣ, ਕਾਰਨ ਤੇ ਰੋਕਥਾਮ ਲਈ ਸੁਝਾਅ।

**(ii)** ਵਿਦਿਆਰਥੀਆਂ ਦੀਆਂ ਪ੍ਰਮੁੱਖ ਸਮੱਸਿਆਵਾਂ।

**(iii)** ਪੁਸਤਕਾਂ ਪੜ੍ਹਨ ਦਾ ਸ਼ੌਕ।

**(iv)** "ਇੱਕ ਚੁੱਪ, ਸੌ ਸੁੱਖ" ਵਿਸ਼ੇ ਨਾਲ ਸੰਬੰਧਿਤ ਵਿਚਾਰ, ਘਟਨਾ ਜਾਂ ਮੌਲਿਕ ਕਹਾਣੀ ਲਿਖੋ।

---

**This Paper consists of 11 printed pages and 1 blank page.**



© Copyright reserved.

(v) ਹੇਠ ਦਿੱਤੀ ਤਸਵੀਰ ਨੂੰ ਵੇਖ ਕੇ ਤੁਹਾਡੇ ਮਨ ਵਿੱਚ ਜੋ ਖਿਆਲ ਜਾਂ ਵਿਚਾਰ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਕਿਸੇ ਘਟਨਾ, ਮੌਲਿਕ ਕਹਾਣੀ ਜਾਂ ਲੇਖ ਰਾਹੀਂ ਪੇਸ਼ ਕਰੋ।



**Question 2**

Write a letter in **Punjabi** of approximately **120** words on any **one** of the topics given below :— **[7]**

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਘੱਟੋ-ਘੱਟ **120** ਸ਼ਬਦਾਂ ਦੀ ਕੋਈ ਚਿੱਠੀ **ਪੰਜਾਬੀ** ਵਿੱਚ ਲਿਖੋ :—

(i) ਕਿਸੇ ਅਖਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਆਪਣੇ ਆਲੇ ਦੁਆਲੇ ਵਿੱਚ ਨਿੱਤ ਵਰਤੋਂ ਦੀਆਂ ਵਸਤਾਂ ਵਿੱਚ ਪਾਈ ਜਾ ਰਹੀ ਮਿਲਾਵਟ ਦਾ ਜ਼ਿਕਰ ਹੋਵੇ।

(ii) ਆਪਣੇ ਮਾਤਾ ਜੀ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਉਨ੍ਹਾਂ ਨੂੰ ਇਹ ਦੱਸੋ ਕਿ ਤੁਸੀਂ ਦਸਵੀਂ ਪਾਸ ਕਰਨ ਪਿੱਛੋਂ ਕੀ ਕਰਨਾ ਚਾਹੁੰਦੇ ਹੋ।

**Question 3**

Read the passage given below and answer in **Punjabi**, the questions that follow, using your own words as far as possible :—

ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ, ਜਿਥੋਂ ਤੱਕ ਹੋ ਸਕੇ ਆਪਣੇ ਸ਼ਬਦਾਂ ਦੀ ਵਰਤੋਂ ਕਰੋ :—

ਦੇਸ਼ ਪਿਆਰ ਤੋਂ ਭਾਵ ਹੈ, ਆਪਣੇ ਦੇਸ਼ ਨਾਲ ਪਿਆਰ ਕਰਨਾ, ਉਸ ਦੀ ਉੱਨਤੀ ਤੇ ਰੱਖਿਆ ਲਈ ਹਰ ਹੀਲਾ ਤੇ ਤਿਆਗ ਕਰਨਾ। ਇਹ ਇੱਕ ਬੜਾ ਉੱਚਾ ਤੇ ਪਵਿੱਤਰ ਜਜ਼ਬਾ ਹੈ। ਇਸ ਜਜ਼ਬੇ ਹੇਠ ਮਨੁੱਖ ਆਪਣੇ ਨਿੱਜੀ ਸੁਆਰਥ ਨੂੰ ਤਿਲਾਂਜਲੀ ਦੇ ਕੇ ਆਪਣੇ ਦੇਸ਼ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹੋ ਜਾਂਦਾ ਹੈ। ਦੇਸ਼ ਭਗਤੀ ਦਾ ਇਹ ਵਲਵਲਾ ਉਸ ਵੇਲੇ ਹੋਰ ਵੀ ਉੱਘੜ ਪੈਂਦਾ ਹੈ ਜਦੋਂ ਕੋਈ ਧਾੜਵੀ ਬਾਹਰੋਂ ਮੁਲਕ 'ਤੇ ਚੜ ਆਇਆ ਹੋਵੇ ਤਾਂ ਉਸ ਵੇਲੇ ਦੇਸ਼ ਭਗਤਾਂ ਦੀ ਕੁਰਬਾਨੀ, ਹੌਂਸਲੇ ਤੇ ਸੂਰਬੀਰਤਾ ਦੇ ਅਜਿਹੇ ਸ਼ਾਨਦਾਰ ਕਾਰਨਾਮੇ ਅਮਲ ਵਿੱਚ ਆਉਂਦੇ ਹਨ ਜਿਹੜੇ ਇਤਿਹਾਸ ਦੇ ਪੰਨਿਆਂ 'ਤੇ ਸਦਾ ਜਗਮਗਾਉਂਦੇ ਰਹਿੰਦੇ ਹਨ।

ਦੇਸ਼ ਪਿਆਰ ਦਾ ਇਕ ਹੋਰ ਪ੍ਰਗਟਾਵਾ ਉਸ ਮਿਹਨਤ ਅਤੇ ਲਗਨ ਰਾਹੀਂ ਵੀ ਹੁੰਦਾ ਹੈ ਜਿਹੜੀ ਕਿਸੇ ਦੇਸ਼ ਦੇ ਲੋਕ ਆਪਣੇ ਮੁਲਕ ਦੀ ਉਸਾਰੀ ਅਤੇ ਨਿਰਮਾਣ ਵਿੱਚ ਹਿੱਸਾ ਲੈ ਕੇ ਵਿਖਾਉਂਦੇ ਹਨ। ਕੋਈ ਦੇਸ਼ ਉਨ੍ਹਾਂ ਚਿਰ ਉੱਨਤ ਅਤੇ ਖੁਸ਼ਹਾਲ ਦੇਸ਼ਾਂ ਦੀ ਪਾਲ਼ ਵਿੱਚ ਨਹੀਂ ਖਲੋ ਸਕਦਾ ਜਿੰਨਾਂ ਚਿਰ ਉਹ ਆਪਣੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਆਪਣੀਆਂ ਸਰਹੱਦਾਂ ਦੀ ਰੱਖਿਆ ਕਰਨ ਵਿੱਚ ਆਤਮ-ਨਿਰਭਰ ਨਾ ਹੋਵੇ। ਇਹਨਾਂ ਦੋਵਾਂ ਕੰਮਾ ਲਈ ਦੇਸ਼-ਵਾਸੀਆਂ ਦਾ ਮਿਹਨਤ, ਲਗਨ ਤੇ ਈਮਾਨਦਾਰੀ ਨਾਲ ਕੰਮ ਕਰਨਾ ਬਹੁਤ ਜ਼ਰੂਰੀ ਹੈ।

ਜਦੋਂ ਵਿਕਾਸ ਕਾਲ ਵਿੱਚ ਉੱਚੀ ਯੋਗਤਾ ਵਾਲੇ ਲੋਕ ਨਿਸੁਆਰਥ ਹੋ ਕੇ, ਮੋਢੇ ਨਾਲ ਮੋਢਾ ਜੋੜ ਕੇ ਕੰਮ ਵਿੱਚ ਜੁੱਟ ਜਾਂਦੇ ਹਨ ਤਾਂ ਕੋਈ ਵੀ ਦੇਸ਼ ਨਿਰਮਾਣ ਦਾ ਇਕ ਹੋਰ ਪੜਾਅ ਤਹਿ ਕਰ ਲੈਂਦਾ ਹੈ।

(i) ਦੇਸ਼ ਪਿਆਰ ਤੋਂ ਕੀ ਭਾਵ ਹੈ ? **[2]**

(ii) ਇਤਿਹਾਸ ਦੇ ਪੰਨਿਆਂ ਤੇ ਕੀ ਜਗਮਗਾਉਂਦਾ ਹੈ ? **[2]**

(iii) ਦੇਸ਼ ਨੂੰ ਖ਼ੁਸ਼ਹਾਲ ਬਣਾਉਣ ਲਈ ਦੇਸ਼-ਵਾਸੀਆਂ ਨੂੰ ਕੀ ਕਰਨਾ ਚਾਹੀਦਾ ਹੈ ? **[2]**

(iv) 'ਨਿਸੁਆਰਥ' ਅਤੇ 'ਮੋਢੇ ਨਾਲ ਮੋਢਾ ਜੋੜ ਕੇ' ਕੰਮ ਕਰਨ ਤੋਂ ਕੀ ਭਾਵ ਹੈ ? **[2]**

(v) ਸ਼ਬਦਾਂ ਦੇ ਅਰਥ ਲਿਖੋ :

ਧਾੜਵੀ, ਸੂਰਬੀਰਤਾ, ਪਾਲ਼, ਪੜਾਅ। **[2]**

**Question 4**

Answer the following questions according to the instruction given:— **[8]**

ਬਹੁ-ਵਿਕਲਪੀ ਪ੍ਰਸ਼ਨ :

**(i) Match the following (idioms)**

**ਮੁਹਾਵਰਿਆਂ ਦਾ ਅਰਥਾਂ ਨਾਲ ਸਹੀ ਮਿਲਾਨ ਕਰੋ :**

1. ਕੰਨ ਭਰਨੇ
   - (a) ਏਕਾ ਹੋਣਾ
   - (b) ਚੁਗਲੀ ਕਰਨੀ
   - (c) ਦੌੜ ਜਾਣਾ
   - (d) ਮੰਗਣਾ

2. ਹੱਥ ਅੱਡਣਾ
   - (a) ਏਕਾ ਹੋਣਾ
   - (b) ਚੁਗਲੀ ਕਰਨੀ
   - (c) ਦੌੜ ਜਾਣਾ
   - (d) ਮੰਗਣਾ

3. ਇੱਕ ਮੁੱਠ ਹੋਣਾ
   - (a) ਏਕਾ ਹੋਣਾ
   - (b) ਚੁਗਲੀ ਕਰਨੀ
   - (c) ਦੌੜ ਜਾਣਾ
   - (d) ਮੰਗਣਾ

4. ਹਰਨ ਹੋਣਾ
   - (a) ਏਕਾ ਹੋਣਾ
   - (b) ਚੁਗਲੀ ਕਰਨੀ
   - (c) ਦੌੜ ਜਾਣਾ
   - (d) ਮੰਗਣਾ

(ii) **Choose the right option :**

**ਸਹੀ ਉੱਤਰ ਚੁਣੋ :**

1. ਬੱਚੇ ਖੇਡ ਰਹੇ ਹਨ।

   (a) ਭੂਤਕਾਲ

   (b) ਭਵਿੱਖਤ ਕਾਲ

   (c) ਵਰਤਮਾਨ ਕਾਲ

   (d) ਕੋਈ ਵੀ ਨਹੀਂ

2. ਲੋਕਾਂ ਨੂੰ ਕਰਜ਼ਾ ਦੇਣ ਵਾਲਾ :

   (a) ਕਲਾਕਾਰ

   (b) ਸ਼ਾਹੂਕਾਰ

   (c) ਵਗਾਰ

   (d) ਹੰਕਾਰ

3. ਪਿੰਡ ਦੀ ਸਾਂਝੀ ਜ਼ਮੀਨ :

   (a) ਪੰਚਾਇਤੀ

   (b) ਮੰਡੀ

   (c) ਸ਼ਾਮਲਾਤ

   (d) ਜੰਞਘਰ

4. ਆਦਰ ਦਾ ਵਿਰੋਧੀ ਸ਼ਬਦ __________ ਹੈ।

   (a) ਨਿਰਾਦਰ

   (b) ਸਨਮਾਨ

   (c) ਬੇਅਦਬੀ

   (d) ਆਓ ਭਗਤ

## SECTION B (40 Marks)

*(Attempt **four** questions from this Section.)*

*(You must answer at least **one** question from each of the **two** book you have studied and any **two** other questions.)*

### ਕਥਾ ਸੰਵੇਦਨਾ

### Katha Samvedna

**Question 5**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਨੀ ਡਰ ਕਾਹਦਾ ?" ਉਹ ਬੋਲੀ, "ਕੋਈ ਨੀ ਤੈਨੂੰ ਫੜਦਾ। ਆਪਣਾ ਕਿਸੇ ਨੇ ਅਚਾਰ ਪੌਣਾ ?"

**ਭੱਤਾ — ਸੰਤ ਸਿੰਘ ਸੇਖੋਂ**

**Bhatta — Sant Singh Sekhon**

(i) ਉਹ ਡਰਦੀ ਕਿਉਂ ਸੀ ? **[2]**

(ii) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? **[2]**

(iii) ਇਹ ਕਿਹੜੀ ਘਟਨਾ ਹੈ ? **[3]**

(iv) ਉਨ੍ਹਾਂ ਦਾ ਡਰ ਕਿਵੇਂ ਦੂਰ ਹੋਇਆ ? **[3]**

**Question 6**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਜਾਣੈ ਤਾਂ ਗੱਜ ਵੱਜ ਕੇ ਜਾਣੈ, ਨਹੀਂ ਤਾਂ ਸ਼ਰੀਕਾਂ ਤੋ ਨੱਕ ਵੱਢੌਣ ਨਾਲੋਂ ਚੁੱਪ ਈ ਚੰਗੀ।"

**ਸੱਗੀ ਫੁੱਲ — ਪ੍ਰੋ: ਗੁਰਦਿਆਲ ਸਿੰਘ**

**Sagi Phull — Prof. Gurdial Singh**

(i) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? **[2]**

(ii) ਕਿੱਥੇ ਜਾਣ ਦੀ ਗੱਲ ਹੋ ਰਹੀ ਹੈ ? **[2]**

(iii) ਮੁਨੋ ਦੇ ਸੁਭਾਅ ਬਾਰੇ ਲਿਖੋ। **[3]**

(iv) ਇਸ ਕਹਾਣੀ ਦਾ ਵਿਸ਼ਾ ਲਿਖੋ। **[3]**

**Question 7**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਉਹਦੀ ਘਰਵਾਲੀ ਮੁਹੱਲੇ ਦੀਆਂ ਤੀਮੀਆਂ ਨੂੰ ਦੱਸ ਰਹੀ ਸੀ ਕਿ ਬਈ ਜਿੰਨਾਂ ਚਿਰ ਉਹ ਜੀਉਂਦਾ ਰਿਹਾ, ਬਿਮਾਰੀ, ਗਰੀਬੀ ਤੇ ਭੁੱਖ ਨਾਲ ਹੀ ਘੁਲਦਾ ਰਿਹਾ।

**ਸ਼ਹੀਦ — ਕੇ.ਐਲ. ਗਰਗ**

**Shaheed — K.L. Garg**

(i) ਇਹ ਵਾਕ ਕਿਸ ਨੇ ਕਿਸ ਨੂੰ ਕਹੇ ? **[2]**

(ii) ਇਹ ਸ਼ਬਦ ਕਿਸ ਬਾਰੇ ਕਹੇ ਗਏ ਹਨ ? **[2]**

(iii) ਸ਼ਬਦਾਂ ਦਾ ਭਾਵ-ਅਰਥ ਸਪਸ਼ਟ ਕਰੋ। **[3]**

(iv) ਇਹ ਸ਼ਬਦ ਬੋਲਣ ਵਾਲੇ ਦਾ ਸੁਭਾਅ ਲਿਖੋ। **[3]**

## ਕਾਵਿ-ਸੰਵੇਦਨਾ

## (Kav-Samvedna)

**Question 8**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਹੋ! ਅਜੇ ਸੰਭਾਲ ਇਸ 'ਸਮੇਂ ਨੂੰ'
ਕਰ ਸਫਲ ਉਡੰਦਾ ਜਾਂਵਦਾ
ਇਹ ਠਹਿਰਨ ਜਾਚ ਨਾ ਜਾਣਦਾ
ਲੰਘ ਗਿਆ ਨਾ ਮੁੜ ਕੇ ਆਂਵਦਾ

**ਸਮਾਂ — ਭਾਈ ਵੀਰ ਸਿੰਘ**

**Sama — Bhai Veer Singh**

(i) ਸਮੇਂ ਦੀ ਕਿਹੜੀ ਜਾਚ ਨਹੀਂ ਹੈ ? **[2]**

(ii) 'ਉਡੰਦਾ ਜਾਂਵਦਾ' ਤੋਂ ਕੀ ਭਾਵ ਹੈ ? **[2]**

(iii) ਸਮੇਂ ਨੂੰ ਕਿਵੇਂ ਸੰਭਾਲਿਆ ਜਾ ਸਕਦਾ ਹੈ ? **[3]**

(iv) ਸਮੇਂ ਦੀਆਂ ਹੋਰ ਕਿਹੜੀਆਂ ਵਿਸ਼ੇਸ਼ਤਾਵਾਂ ਹਨ ? **[3]**

**Question 9**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਯਾਰ ਮੇਰੇ ਜੁ ਇਸ ਆਸ ਤੇ ਮਰ ਗਏ

ਕਿ ਮੈਂ ਉਹਨਾਂ ਦੇ ਦੁਖ ਦਾ ਗੀਤ ਬਣਾਵਾਂਗਾ।

**ਹਨੇਰਾ ਜਰੇਗਾ ਕਿਵੇਂ — ਸੁਰਜੀਤ ਪਾਤਰ**

**Hanera Jarega Kiven – Surjit Patar**

(i) ਕਵੀ ਦੇ ਦੋਸਤਾਂ ਨੂੰ ਕੀ ਆਸ ਸੀ ? [2]

(ii) ਕਵੀ ਨੂੰ ਕਾਹਦਾ ਫ਼ਿਕਰ ਹੈ ? [2]

(iii) ਦੋਸਤਾਂ ਨੂੰ ਕੀ ਦੁੱਖ ਹੈ ? [3]

(iv) ਕਵੀ ਕਿਹੋ ਜਿਹੀ ਸੋਚ ਵਾਲਾ ਹੈ ? [3]

**Question 10**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਮੈਂ ਕਹਿਣਾ ਚਾਹੁੰਦਾ ਹਾਂ,

ਸੰਭਲ ਕੇ ਬੱਸ ਵਿੱਚ ਚੜ੍ਹਨਾ

ਜਿੱਥੇ ਕਿਤੇ ਭੀੜ ਹੋਵੇ, ਉਥੇ ਨਹੀਓਂ ਖੜ੍ਹਨਾ

**ਨਿੱਕੇ-ਵੱਡੇ ਡਰ — ਡਾ. ਜਗਤਾਰ**

**Nike-Vde Dar – Dr. Jagtaar**

(i) ਪਿਤਾ ਆਪਣੀਆਂ ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ ? [2]

(ii) ਪਿਤਾ ਕੁਝ ਵੀ ਕਿਉਂ ਨਾ ਕਹਿ ਸਕਿਆ ? [2]

(iii) ਪਿਤਾ ਚਿੰਤਿਤ ਕਿਉਂ ਹੈ ? [3]

(iv) ਕਵਿਤਾ ਅਨੁਸਾਰ ਧੀਆਂ ਬਾਰੇ ਆਪਣੇ ਵਿਚਾਰ ਦਸੋ। [3]

## ਪਤਾਲ ਦੇ ਗਿੱਠਮੁਠੀਏ — ਜਸਬੀਰ ਭੁੱਲਰ

## Pataal De Githmuthiye— Jasbir Bhullar

**Question 11**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਇਹ ਖੂੰਖਾਰ ਕੀੜਿਆਂ ਦੇ ਬਸੇਰੇ ਵਾਲਾ ਇਲਾਕਾ ਹੈ। ਇਸ ਗਿੱਠਮੁਠੀਏ ਦੀ ਲਹੂ ਦੀ ਬੂ ਨਾਲ ਉਹ ਕੀੜੇ ਅੱਖਾਂ ਖੋਲ੍ਹ ਲੈਣਗੇ ਤੇ ਵਹੀਰਾਂ ਘੱਤ ਕੇ ਇਥੇ ਪਹੁੰਚ ਜਾਣਗੇ।"

(i) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? [2]

(ii) ਸੁਣਨ ਵਾਲੇ ਨੇ ਕੀ ਜਵਾਬ ਦਿੱਤਾ ? [2]

(iii) ਉਹ ਜ਼ਖ਼ਮੀ ਕਿਵੇਂ ਹੋਇਆ ? [3]

(iv) ਨਿੱਕੂ ਨੇ ਕੀੜਿਆਂ ਦਾ ਮੁਕਾਬਲਾ ਕਿਵੇਂ ਕੀਤਾ ? [3]

**Question 12**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਇਮੂ ਦੇ ਮਾਂ-ਪਿਓ ਨੇ ਇਕ ਵਾਰ ਇਮੂ ਨੂੰ ਦੱਸਿਆ ਸੀ ਕਿ ਸ਼ਾਹੀ ਘੁਰਨਿਆਂ ਵੱਲ ਜਾ ਕੇ ਕਦੇ ਕੋਈ ਵਾਪਸ ਨਹੀਂ ਸੀ ਮੁੜਿਆ। ਉਹ ਚਾਹੁੰਦੇ ਸਨ ਕਿ ਇਮੂ ਕਦੇ ਵੀ ਸ਼ਾਹੀ ਘੁਰਨਿਆਂ ਵੱਲ ਜਾਣ ਬਾਰੇ ਨਾ ਸੋਚੇ।

(i) ਇਮੂ ਦੇ ਮਾਂ-ਪਿਓ ਨੇ ਇਮੂ ਨੂੰ ਕੀ ਦੱਸਿਆ ਸੀ ? [2]

(ii) ਇਮੂ ਦੇ ਮਾਂ-ਪਿਓ ਕੀ ਚਾਹੁੰਦੇ ਸਨ ? [2]

(iii) ਉਸ ਨੇ ਸ਼ਾਹੀ ਘੁਰਨਿਆਂ ਦਾ ਰਸਤਾ ਕਿਸ ਤੋਂ ਪੁੱਛਿਆ ? [3]

(iv) ਇਸ ਤੋਂ ਬਾਦ ਕਿਹੜੀ ਘਟਨਾ ਵਾਪਰੀ ? [3]

**Question 13**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਮੈਂ ਨਿੱਕੂ ਦੀ ਬਹਾਦਰੀ ਦੇ ਕਾਰਨਾਮੇ ਤੋਂ ਪ੍ਰਭਾਵਿਤ ਹੋਇਆ ਹਾਂ, ਮੈਂ ਉਸ ਨੂੰ ਦੇਸ਼ ਦਾ ਸੈਨਾਪਤੀ ਥਾਪਦਾ ਹਾਂ। ਸੈਨਾਪਤੀ ਗੁਲੇਲ ਨੇ ਇਕ ਯੋਧੇ ਵਜੋਂ ਦੇਸ਼ ਦਾ ਨਾਂ ਕਲੰਕਿਤ ਕੀਤਾ ਹੈ।

**(i)** ਇਹ ਵਾਕ ਕਿਸ ਨੇ ਕਿਸ ਨੂੰ ਕਹੇ ? **[2]**

**(ii)** ਨਿਕੂ ਦੀ ਬਹਾਦਰੀ ਤੋਂ ਕੌਣ ਖੁਸ਼ ਹੋਇਆ ? **[2]**

**(iii)** ਸੈਨਾਪਤੀ ਗੁਲੇਲ ਨੇ ਕੀ ਕੀਤਾ ਸੀ ? **[3]**

**(iv)** ਸੈਨਾਪਤੀ ਦਾ ਕੀ ਬਣਿਆ ? **[3]**

**ਮੰਚ ਮਹਿਕ**

**Manch Mehak**

**Question 14**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਇਹ ਤਾਂ ਕੁਝ ਨਾ ਹੋਇਆ। ਲੋਕੀਂ ਕੀ ਕਹਿਣਗੇ ਪਈ ਸਾਨੂੰ ਕੋਈ ਕਵਾਰਾ ਨਹੀਂ ਸੀ ਮਿਲਿਆ, ਜੋ ਦੁਹਾਜੂ ਦੇ ਲੜ ਲਾਈ"

**ਸੁਹਾਗ — ਈਸ਼ਵਰ ਚੰਦਰ ਨੰਦਾ**

**Suhag – Ishwar Chander Nanda**

**(i)** ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? **[2]**

**(ii)** ਕਿਸ ਦੇ ਬਾਰੇ ਗੱਲ ਹੋ ਰਹੀ ਹੈ ? **[2]**

**(iii)** ਇਕਾਂਗੀ ਦੀ ਮੂਲ ਸਮੱਸਿਆ ਕੀ ਹੈ ? **[3]**

**(iv)** ਬੋਲਣ ਵਾਲੇ ਦਾ ਸੁਭਾਅ ਲਿਖੋ। **[3]**

**Question 15**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਪਹਿਲਾਂ-ਪਹਿਲ ਏਕਲ ਹੀ ਹੁੰਦਾ ਏ। ਵੱਡੇ-ਵੱਡੇ ਸ਼ਾਇਰ, ਲੀਡਰ ਤੇ ਡਾਕਟਰ ਪਹਿਲਾਂ-ਪਹਿਲ ਭੁੱਖੇ ਹੀ ਮਰਦੇ ਨੇ। ਡਾਕਟਰ ਬੇਲੀ ਰਾਮ ਦਾ ਨਾਓਂ ਸੁਣਿਆਂ ਏ ਤੂੰ,

**ਡਾਕਟਰ ਪਲਟਾ – ਬਲਵੰਤ ਗਾਰਗੀ**

**Dr. Palta – Balwant Gargi**

(i) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? **[2]**

(ii) ਬੋਲਣ ਵਾਲੇ ਨੇ ਇਹ ਸ਼ਬਦ ਕਿਉਂ ਕਹੇ ? **[2]**

(iii) ਡਾ. ਪਲਟਾ ਦੀ ਆਰਥਿਕ ਹਾਲਤ ਬਿਆਨ ਕਰੋ। **[3]**

(iv) ਸਤਵੰਤ ਦੇ ਸੁਭਾਅ ਬਾਰੇ ਲਿਖੋ। **[3]**

**Question 16**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਪੜ੍ਹਦੇ ਰਹਿਣਾ ਹੈ ............... ਖੇਡਣਾ ਨਹੀਂ ਹੈ ............ ਟੀ.ਵੀ. ਨਹੀਂ ਦੇਖਣਾ ਹੈ .......... ਹੋਮਵਰਕ ਕਰਨਾ ਹੈ ........ ਯਹ ਨਹੀਂ ਕਰਨਾ ਹੈ ............ ਵੋਹ ਨਹੀਂ ਕਰਨਾ .......... ਹੂੰ ............ ਇਹ ਵੀ ਕੋਈ ਜ਼ਿੰਦਗੀ ਹੈ।

**ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ – ਪਾਲੀ ਭੁਪਿੰਦਰ**

**Phullan Nu Kitaban Vich Na Rakho – Pali Bhupinder**

(i) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? **[2]**

(ii) ਕੌਣ ਇਸ ਜ਼ਿੰਦਗੀ ਤੋਂ ਦੁਖੀ ਹੈ ? **[2]**

(iii) ਇਸ ਤੋਂ ਬਾਦ ਕਿਹੜੀ ਘਟਨਾ ਵਾਪਰਦੀ ਹੈ ? **[3]**

(iv) ਇਸ ਇਕਾਂਗੀ ਦਾ ਵਿਸ਼ਾ ਕੀ ਹੈ ? **[3]**